This question paper contains 3 printed pages]

*Your Roll No*................

**240**

**B.A. (PROGRAMME)/I** **J**

PUNJABI LANGUAGE (B)—Paper I

(Intermediate Punjabi)

(Admission of 2004/2006 and onwards in respect of the students of Regular Colleges/NCWEB)

*Time* : 3 *Hours* *Maximum Marks* : 75

*(Write your Roll No. on the top immediately on receipt of this question paper.)*

**ਨੋਟ** :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

*Note* :—The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

1. ਪੁਲਿਸ ਕਮਿਸ਼ਨਰ ਨੂੰ ਆਪਣੇ ਇਲਾਕੇ ਵਿਚ ਵੱਧ ਰਹੀ ਗੁੰਡਾ-ਗਰਦੀ ਬਾਰੇ ਦਸਦੇ ਹੋਏ ਉਸ ਦੀ ਰੋਕ ਥਾਮ ਲਈ ਕੋਈ ਠੋਸ ਪ੍ਰਬੰਧ ਕੀਤੇ ਜਾਣ ਲਈ ਬੇਨਤੀ-ਪਤੱਰ ਲਿਖੋ ।

**ਜਾਂ**

ਕਾਲਜ ਦੇ ਕਲਰਕ ਦੇ ਰੁੱਖੇ ਵਤੀਰੇ ਬਾਰੇ ਕਾਲਜ ਦੇ ਪ੍ਰਿੰਸੀਪਲ ਨੂੰ ਸ਼ਿਕਾਇਤ ਕਰੋ । 10

2. ਕਿਸੇ ਦਾਲ ਜਾਂ ਸਬਜੀ ਬਨਾਉਣ ਦੀ ਵਿਧੀ ਲਿਖੋ । 10

3. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇਕ** ਵਿਸ਼ੇ ਤੇ ਪੈਰ੍ਹਾ ਲਿਖੋ :

   (*i*) 300 ਸਾਲਾ ਗੁਰਤਾ-ਗੱਦੀ ਦਿਵਸ ।

   (*ii*) ਇਤਿਹਾਸਕ ਸਥਾਨ ਦੀ ਯਾਤਰਾ ।

   (*iii*) ਜੀਵਨ ਵਿਚ ਪੈਸੇ ਦਾ ਵੱਧ ਰਿਹਾ ਪ੍ਰਭਾਵ । 10

4. ਕੋਈ ਵੀ ਆਪਣੀ ਮਨ ਪਸੰਦ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ । 10

5. 'ਜਾਣਕਾਰੀ ਦੇਣ' ਸੰਬੰਧੀ **ਪੰਜ** ਵਾਕ ਲਿਖੋ ।

**ਜਾਂ**

'ਇਜਾਜਤ' ਲੈਣ ਸੰਬੰਧੀ **ਪੰਜ** ਵਾਕ ਲਿਖੋ । 10

6. (*i*) 'ਵਿਸ਼ੇਸ਼ਣ' ਕਿਸਨੂੰ ਕਹਿੰਦੇ ਹਨ ? ਇਹ ਕਿੰਨੀ ਪ੍ਰਕਾਰ ਦੇ ਹੁੰਦੇ ਹਨ ? ਉਹਨਾਂ ਦੇ ਨਾਮ ਲਿਖੋ । 5

   (*ii*) "ਰਚਿਤ' ਸ਼ਬਦ' ਕਿੰਨੀ ਪ੍ਰਕਾਰ ਦੇ ਹੁੰਦੇ ਹਨ ? ਉਦਾਹਰਣਾ ਸਹਿਤ ਲਿਖੋ । 5

   (*iii*) ਸ਼ਬਦ ਜੋੜਾਂ ਦੇ ਕੋਈ **ਪੰਜ** ਨੇਮ ਲਿਖੋ । 5

7. ਹੇਠ ਲਿਖੇ ਪੈਰ੍ਹੇ ਦਾ ਸਾਰਾਂਸ਼ ਲਿਖੋ ਇਸਦਾ ਢੁਕਵਾ ਸਿਰਲੇਖ ਵੀ ਲਿਖੋ ।

ਨਿਰਤਕਾਰੀ ਦਾ ਆਧਾਰ ਮਨੁਖ ਦਾ ਸਰੀਰ ਹੈ । ਸਰੀਰ ਵੀ ਸਥੂਲ ਮਾਦਾ ਹੈ ਤੇ ਇਮਾਰਤ ਤੇ ਮੂਰਤੀ ਦੇ ਆਧਾਰ ਵਾਂਗੂ ਤਿੰਨ ਪਾਸੇ ਖਿਲਾਰ ਰਖਦਾ ਹੈ—ਲੰਬਾਈ, ਚੌੜਾਈ ਤੇ ਮੋਟਾਈ । ਪਰ ਇਸ ਸਦੀਵੀ ਸਥੂਲ ਮਾ ਦੇ ਦਵਾਰਾ ਨਿਰਤਕਾਰ ਆਪਣੇ ਮਨ ਦੇ ਭਾਵਾਂ ਨੂੰ ਸਰੀਰ ਦੀਆਂ ਹਰਕਤਾ, ਚਿਹਰੇ ਤੇ ਬਦਲਾਵ ਤੇ ਚਾਲ ਨਾਲ ਇਮਾਰਤਕਾਰ ਤੇ ਮੂਰਤੀਕਾਰ

ਨਾਲੋਂ ਵਧੇਰੇ ਸਪਸ਼ਟ ਪ੍ਰਗਟ ਕਰ ਸਕਦਾ ਹੈ । ਉਹ ਚਾਲ ਵਿਚ ਤਾਲ ਲਿਆ ਕੇ ਨਕਲ ਦੇ ਅਨੰਦ ਨੂੰ ਹੋਰ ਵਧਾ ਦਿੰਦਾ ਹੈ । ਨਿਰਤਕਾਰ ਦਾ ਜਦੋਂ ਰਾਗ ਤੇ ਬੋਲ ਚਾਲ ਨਾਲ ਸੰਬੰਧ ਜੁੜ ਜਾਂਦਾ ਹੈ ਤਾਂ ਨਾਟਕ ਬਣਦਾ ਹੈ । ਨਾਟਕ ਦਾ ਮੁਢ ਨਿਰਤਕਾਰੀ ਤੋਂ ਬੱਝਾ ਹੈ । ਕਈ ਵਿਦਵਾਨ ਨਿਰਤਕਾਰੀ ਨੂੰ ਮੁਢਲੇ ਕੋਮਲ ਹੁਨਰਾਂ ਵਿਚ ਨਹੀਂ ਗਿਣਦੇ ਕਿਉਂ ਕਿ ਅਜਕਲ ਨਾਚ ਵਿਚ ਰਾਗ ਰਲ ਗਿਆ ਹੈ ਤੇ ਇਹ ਕੇਵਲ ਅੱਖਾਂ ਦਾ ਵਿਸ਼ਾ ਨਾ ਰਹਿ ਕੇ ਅੱਖਾਂ ਤੇ ਕੰਨਾਂ ਦੋਹਾਂ ਦਾ ਮਿਲਣਾਂ ਵਿਸ਼ਾ ਬਣ ਗਿਆ ਹੈ । ਮਨੁਖੀ ਭਾਵਾਂ ਨੂੰ ਪ੍ਰਗਟ ਕਰਨ ਦੇ ਖਿਆਲ ਨਾਲ ਤੇ ਬਾਹਰੀ ਸਥੂਲ ਮਾਦੇ ਦੀ ਵਰਤੋਂ ਤੋਂ ਬਚਣ ਕਰਕੇ ਇਹ ਪਹਿਲੇ ਦੋਹਾਂ ਹੁਨਰਾਂ ਤੋਂ ਉੱਤਮ ਹੈ । 10